# PRESS COVERAGE

# 7 Day Faculty Development Programme Organised

# 20.01.2022

www.dainiksaveratimes.com
जालंधर, वीरवार, 20 जनवरी 2022

# सात दिवसीय फैकल्टी डिवैल्पमैंट प्रोग्राम की समाप्ति

पटियाला, 19 जनवरी (धीर): मोदी कालेज के इंटरनल क्वालिटी इंश्योरैंस सैल (आई.क्यू.आई.सी.) की तरफ से 'रिसर्च मैथोडोलोजी' विषय पर आयोजित सात दिवसीय फैकल्टी डिवैल्पमैंट प्रोग्राम की आज समाप्ति हो गई। इस प्रोग्राम को आयोजित करने का मुख्य उद्देश्य खोज-विधियों, खोज की अलग-अलग तकनीकों, खोज के क्षेत्र में आ रहे नए परिवर्तन और ढंग-तरीकों और खोज-प्रोजैक्टों की तैयारी सम्बन्धित अध्यापकों को प्रशिक्षण देना था।

प्रिंसीपल डा. खुशविन्दर कुमार ने इस मौके पर अध्यापकों और विषय माहिरों को संबोधित करते कहा कि अकादमिक खोज के क्षेत्रों में बड़े स्तर पर परिवर्तन आ रहे हैं। उन्होंने इस मौके पर खोज के अलग-अलग क्षेत्रों में आपसी संवाद और आदान-प्रदान की जरूरत पर जोर दिया। प्रोग्राम का उद्घाटन पंजाबी यूनिवर्सिटी पटियाला के पूर्व वाइस चांसलर डा. बी.एस. घुम्मन ने किया। प्रोग्राम को सुचारू ढंग के साथ सिरे चढ़ाने में वाइस प्रिंसीपल प्रोफैसर सैलेंदर सिद्धू, कालेज रजिस्ट्रार डा. अजीत कुमार, डा. अश्वनी शर्मा, डा. नीना सरीन, डा. राजीव शर्मा, डा. हरमोहन शर्मा, डा. गणेश सेठी, प्रो. परमिंदर कौर, डा. दीपिका सिंगला, डा. सुखदेव सिंह, डा. संजय कुमार, डा. संजीव कुमार, डा. भानवी वाधवन का योगदान रहा।



ऑनलाइन प्रोग्राम से जुड़े सदस्य।

ਪੰਜਾਬੀ ਜਾਗਰਣ ਜਲੰਧਰ 20 ਜਨਵਰੀ 2022

# ਸੱਤ ਰੋਜ਼ਾ ਫੈਕਲਟੀ ਡਿਵੈੱਲਪਮੈਂਟ ਪ੍ਰੋਗਰਾਮ ਸਮਾਪਤ

**ਪੱਤਰ ਪ੍ਰੇਰਕ, ਪਟਿਆਲਾ** : ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਦੇ ਇੰਟਰਨਲ ਕੁਆਲਿਟੀ ਇੰਸ਼ੋਰੈਂਸ਼ ਸੈੱਲ (ਆਈਕਿਊਆਈਸੀ) ਵੱਲੋਂ 'ਰਿਸਰਚ ਮੈਥੋਡੋਲੋਜੀ' ਵਿਸ਼ੇ 'ਤੇ ਆਯੋਜਿਤ ਸੱਤ ਰੋਜ਼ਾ ਫੈਕਲਟੀ ਡਿਵੈੱਲਪਮੈਂਟ ਪ੍ਰੋਗਰਾਮ ਦੀ ਅੱਜ ਸਮਾਪਤੀ ਹੋ ਗਈ। ਇਸ ਪ੍ਰੋਗਰਾਮ ਨੂੰ ਆਯੋਜਿਤ ਕਰਨ ਦਾ ਮੁੱਖ ਉਦੇਸ਼ ਖੋਜ-ਵਿਧੀਆਂ, ਖੋਜ ਦੀਆਂ ਵੱਖੋ-ਵੱਖ ਤਕਨੀਕਾਂ, ਖੋਜ ਦੇ ਖੇਤਰ 'ਚ ਆ ਰਹੀਆਂ ਨਵੀਆਂ ਤਬਦੀਲੀਆਂ ਅਤੇ ਢੰਗ-ਤਰੀਕਿਆਂ ਤੇ ਖੋਜ-ਪ੍ਰੋਜੈਕਟਾਂ ਦੀ ਤਿਆਰੀ ਸਬੰਧੀ ਅਧਿਆਪਕਾਂ ਨੂੰ ਸਿਖਲਾਈ ਦੇਣਾ ਸੀ।

ਕਾਲਜ ਪ੍ਰਿੰਸੀਪਲ ਡਾ.ਖੁਸ਼ਵਿੰਦਰ ਕੁਮਾਰ ਨੇ ਇਸ ਮੌਕੇ ਤੇ ਅਧਿਆਪਕਾਂ ਤੇ ਵਿਸ਼ਾ-ਮਾਹਿਰਾਂ ਨੂੰ ਸੰਬੋਧਿਤ ਕਰਦਿਆ ਕਿਹਾ ਕਿ ਅਕਾਦਮਿਕ ਖੋਜ ਦੇ ਖੇਤਰਾਂ ਵਿੱਚ ਵੱਡੇ ਪੱਧਰ ਤੇ ਤਬਦੀਲੀਆਂ ਆ ਰਹੀਆਂ ਹਨ। ਉਨ੍ਹਾਂ ਨੇ ਇਸ ਮੌਕੇ ਤੇ ਖੋਜ ਦੇ ਵੱਖ-ਵੱਖ ਖੇਤਰਾਂ 'ਚ ਆਪਸੀ ਸੰਵਾਦ ਤੇ ਅਦਾਨ-ਪ੍ਰਦਾਨ ਦੀ ਲੋੜ੍ਹ ਤੇ ਜ਼ੋਰ ਦਿੱਤਾ। ਇਸ ਪ੍ਰੋਗਰਾਮ ਦਾ ਉਦਘਾਟਨ ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਬੀ.ਐੱਸ. ਘੁੰਮਣ ਨੇ ਕੀਤਾ। ਆਪਣੇ ਭਾਸ਼ਣ 'ਚ ਉਨ੍ਹਾਂ ਨੇ ਖੋਜ ਕਾਰਜਾਂ ਨੂੰ ਪ੍ਰੇਰਿਤ ਕਰਨ ਲਈ ਕਰਵਾਏ ਗਏ ਇਸ ਪ੍ਰੋਗਰਾਮ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਖੋਜ 'ਚ ਸਿਧਾਂਤਕ ਪੱਖਾਂ ਤੇ ਥਿਊਰੀਆਂ ਦਾ ਮਹਤੱਵਪੂਰਣ ਸਥਾਨ ਹੈ। ਅੱਜ ਦੇ ਦੌਰ 'ਚ ਬਿੱਗ ਡਾਟਾ ਤੇ ਡਿਜ਼ੀਟਲ ਤਕਨਾਲੋਜੀ ਨੇ ਸਮਾਜਿਕ ਖੋਜਾਂ ਤੇ ਮੂਲ-ਭੂਤ ਖੋਜਾਂ ਦੇ ਵਿਧੀ-ਵਿਧਾਨਾਂ ਵਿੱਚ ਬਦਲਾਉ ਕੀਤੇ ਹਨ ਜਿਹਨਾਂ ਨਾਲ ਬਾਵਸਤਾ ਹੋਣਾ ਲਾਜ਼ਮੀ ਹੈ। ਇਸ ਪ੍ਰੋਗਰਾਮ ਦੇ ਦੂਸਰੇ ਦਿਨ ਡਾ. ਵਿਕਾਸ ਦੀਪ, ਐਂਸਿਸਟੈਂਟ ਪ੍ਰੋਫੈਸਰ, ਰੀਜਨਲ ਕੈਂਪਸ, ਤਲਵੰਡੀ ਸਾਹਿਬ, ਪੰਜਾਬੀ ਯੂਨੀਵਰਸਿਟੀ ਨੇ ਕਿਹਾ ਕਿ ਖੋਜ ਕਾਰਜਾਂ ਲਈ ਢੁੱਕਵਾਂ ਵਾਤਾਵਰਣ ਬੇਹੱਦ ਜ਼ਰੂਰੀ ਹੈ। ਉਨ੍ਹਾਂ ਨੇ ਇਸ ਦੇ ਨਾਲ ਨਾਲ ਇੱਕ ਵਧੀਆ ਖੋਜ ਡਿਜ਼ਾਈਨ ਦੀ ਰੂਪ-ਰੇਖਾ, ਇਸ ਲਈ ਵਰਤੇ ਜਾਂਦੇ ਡਾਟਾ ਨੂੰ ਸੰਭਾਲਣ ਤੇ ਵਰਤਣ ਲਈ ਜ਼ਰੂਰੀ ਸਾਫਟਵੇਅਰਾਂ ਤੇ ਵੀ ਚਰਚਾ ਕੀਤੀ।

ਇਸ ਪ੍ਰੋਗਰਾਮ ਨੂੰ ਸੰਚਾਰੂ ਢੰਗ ਨਾਲ ਨੇਪਰੇ ਚਾੜ੍ਹਣ 'ਚ ਵਾਈਸ ਪ੍ਰਿੰਸੀਪਲ ਪ੍ਰੋਫੈਸਰ ਸੈਲੈਂਦਰ ਸਿੱਧੂ, ਕਾਲਜ ਰਜਿਸਟਰਾਰ ਡਾ. ਅਜੀਤ ਕੁਮਾਰ, ਡਾ. ਅਸ਼ਵਨੀ ਸ਼ਰਮਾ, ਡਾ. ਨੀਨਾ ਸਰੀਨ, ਡਾ. ਰਾਜੀਵ ਸ਼ਰਮਾ, ਡਾ. ਹਰਮੋਹਣ ਸ਼ਰਮਾ, ਡਾ. ਗਣੇਸ਼ ਸੇਠੀ, ਪ੍ਰੋ. ਪਰਮਿੰਦਰ ਕੌਰ, ਡਾ. ਦੀਪਿਕਾ ਸਿੰਗਲਾ, ਡਾ. ਸੁਖਦੇਵ ਸਿੰਘ, ਡਾ. ਸੰਜੇ ਕੁਮਾਰ, ਡਾ. ਸੰਜੀਵ ਕੁਮਾਰ, ਡਾ. ਭਾਨਵੀ ਵਾਧਵਨ ਦਾ ਯੋਗਦਾਨ ਰਿਹਾ। ਪ੍ਰੋਗਰਾਮ ਦਾ ਤਕਨੀਕੀ ਪ੍ਰਬੰਧਨ ਡਾ. ਰੋਹਿਤ ਸਚਦੇਵਾ ਨੇ ਕੀਤਾ।

ਅਜੀਤ
ਵੀਰਵਾਰ, 20 ਜਨਵਰੀ 2022

# ਮੋਦੀ ਕਾਲਜ ਵਲੋਂ ਕਰਵਾਏ 7 ਦਿਨਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਦੀ ਸਮਾਪਤੀ

ਪਟਿਆਲਾ, 19 ਜਨਵਰੀ (ਗੁਰਵਿੰਦਰ ਸਿੰਘ ਔਲਖ)- ਮੁਲਤਾਨੀ ਮੱਲ ਮੋਦੀ ਕਾਲਜ, ਦੇ ਇੰਟਰਨਲ ਕੁਆਲਿਟੀ ਇੰਸ਼ੋਰੈਂਸ ਸੈੱਲ ਵਲੋਂ 'ਰਿਸਰਚ ਮੈਥੋਡੋਲੋਜੀ' ਵਿਸ਼ੇ 'ਤੇ ਸੱਤ ਦਿਨਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਦੀ ਅੱਜ ਸਮਾਪਤੀ ਹੋ ਗਈ। ਕਾਲਜ ਪ੍ਰਿੰਸੀਪਲ ਡਾ.ਖੁਸ਼ਵਿੰਦਰ ਕੁਮਾਰ ਨੇ ਇਸ ਮੌਕੇ ਤੇ ਅਧਿਆਪਕਾਂ ਤੇ ਵਿਸ਼ਾ-ਮਾਹਿਰਾਂ ਨੂੰ ਸੰਬੋਧਿਤ ਕਰਦਿਆਂ ਕਿਹਾ ਕਿ ਅਕਾਦਮਿਕ ਖੋਜ ਦੇ ਖੇਤਰਾਂ 'ਚ ਵੱਡੇ ਪੱਧਰ 'ਤੇ ਤਬਦੀਲੀਆਂ ਆ ਰਹੀਆਂ ਹਨ। ਉਨ੍ਹਾਂ ਨੇ ਇਸ ਮੌਕੇ 'ਤੇ ਖੋਜ ਦੇ ਵੱਖ-ਵੱਖ ਖੇਤਰਾਂ 'ਚ ਆਪਸੀ ਸੰਵਾਦ 'ਤੇ ਅਦਾਨ-ਪ੍ਰਦਾਨ ਦੀ ਲੋੜ 'ਤੇ ਜ਼ੋਰ ਦਿੱਤਾ। ਇਸ ਪ੍ਰੋਗਰਾਮ ਦਾ ਉਦਘਾਟਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਾਬਕਾ ਵਾਈਸ ਚਾਂਸਲਰ ਡਾ.ਬੀ.ਐੱਸ.ਘੁੰਮਣ ਨੇ ਕੀਤਾ। ਆਪਣੇ ਭਾਸ਼ਣ 'ਚ ਉਨ੍ਹਾਂ ਨੇ ਖੋਜ ਕਾਰਜਾਂ ਨੂੰ ਪ੍ਰੇਰਿਤ ਕਰਨ ਲਈ ਕਰਵਾਏ ਗਏ ਇਸ ਪ੍ਰੋਗਰਾਮ ਦੀ ਪ੍ਰਸੰਸਾ ਕੀਤੀ। ਪ੍ਰੋਗਰਾਮ ਦੇ ਦੂਸਰੇ ਦਿਨ ਡਾ. ਵਿਕਾਸ ਦੀਪ, ਅਸਿਸਟੈਂਟ ਪ੍ਰੋਫੈਸਰ, ਰੀਜਨਲ ਕੈਂਪਸ, ਤਲਵੰਡੀ ਸਾਹਿਬ, ਨੇ ਕਿਹਾ ਕਿ ਖੋਜ ਕਾਰਜਾਂ ਲਈ ਢੁੱਕਵਾਂ ਵਾਤਾਵਰਣ ਬੇਹੱਦ ਜ਼ਰੂਰੀ ਹੈ। ਤੀਜੇ ਦਿਨ ਦੇ ਭਾਸ਼ਣ 'ਚ ਡਾ.ਬਲਵਿੰਦਰ ਸਿੰਘ ਸੂਚ, ਨੇ ਖੋਜ-ਪ੍ਰੀਕ੍ਰਿਆ ਨਾਲ ਜੁੜੇ ਕਾਨੂੰਨੀ ਤੇ ਬੌਧਿਕ ਸੰਪਤੀ ਵਰਗੇ ਮਸਲਿਆਂ 'ਤੇ ਚਰਚਾ ਕੀਤੀ। ਪ੍ਰੋਗਰਾਮ ਦੇ ਚੌਥੇ ਦਿਨ ਡਾ. ਗੁਰਚਰਨ ਸਿੰਘ, ਨੇ 'ਖੋਜ' ਵਿਸ਼ੇ 'ਤੇ ਖੋਜ ਦੀ ਚੋਰੀ ਰੋਕਣ ਲਈ ਮੌਜੂਦ ਸਾਧਨਾਂ ਤੇ ਤਕਨੀਕਾਂ 'ਤੇ ਚਰਚਾ ਕੀਤੀ। ਅਗਲੇ ਸ਼ੈਸਨ ਵਿੱਚ ਡਾ.ਸੁਸ਼ੀਲ ਕੁਮਾਰ, ਨੇ ਪਬਲੀਕੇਸ਼ਨ ਲਈ ਖੋਜ ਦੀ ਚੋਣ, ਪ੍ਰਭਾਵ ਬਾਰੇ ਚਰਚਾ ਕੀਤੀ। ਇਸ ਪ੍ਰੋਗਰਾਮ ਦੇ ਛੇਵੇਂ ਦਿਨ ਡਾ.ਜੀਵਨ ਜੋਤੀ, ਨੇ ਖੋਜ ਕਾਰਜਾਂ ਲਈ ਫੰਡ-ਏਜੰਸੀਆਂ ਦੀ ਚੋਣ ਤੇ ਉਨ੍ਹਾਂ ਦੀਆਂ ਸ਼ਰਤਾਂ ਅਨੁਸਾਰ ਢੁਕਵੇਂ ਖੋਜ ਪ੍ਰੋਜੈਕਟਾਂ ਨੂੰ ਲਿਖਣ ਤੇ ਪ੍ਰਸਤੁਤ ਕਰਨ ਬਾਰੇ ਚਰਚਾ ਕੀਤੀ। ਪ੍ਰੋਗਰਾਮ ਦੇ ਅੰਤਿਮ ਦਿਨ ਡਾ. ਸੰਜੀਵ ਕੁਮਾਰ ਸ਼ਰਮਾ ਨੇ ਵੱਖ-ਵੱਖ ਖੋਜ ਏਜੰਸੀਆਂ ਦੁਆਰਾ ਉਪਲਬਧ ਖੋਜ ਕਾਰਜਾਂ ਤੇ ਉਨ੍ਹਾਂ ਲਈ ਢੁਕਵੀਂ ਪਾਤਰਤਾ ਬਾਰੇ ਦੱਸਿਆ। ਇਸ ਮੌਕੇ ਪ੍ਰੋ. ਸ਼ੈਲੇਂਦਰ ਸਿੱਧੂ, ਰਜਿਸਟਰਾਰ ਡਾ.ਅਜੀਤ ਕੁਮਾਰ, ਡਾ. ਅਸ਼ਵਨੀ ਸ਼ਰਮਾ, ਡਾ.ਨੀਨਾ ਸਰੀਨ, ਡਾ.ਰਾਜੀਵ ਸ਼ਰਮਾ, ਡਾ. ਹਰਮੋਹਣ ਸ਼ਰਮਾ, ਡਾ. ਗਣੇਸ਼ ਸੇਠੀ, ਪ੍ਰੋ. ਪਰਮਿੰਦਰ ਕੌਰ ਆਦਿ ਦਾ ਯੋਗਦਾਨ ਰਿਹਾ। ਪ੍ਰੋਗਰਾਮ ਦਾ ਤਕਨੀਕੀ ਪ੍ਰਬੰਧਨ ਡਾ. ਰੋਹਿਤ ਸਚਦੇਵਾ ਨੇ ਕੀਤਾ।